# ਕਥਾ ਗੁਰੂ ਜੀ ਕੇ ਸੁਤਨ ਕੀ

ਕ੍ਰਿਤ

**ਕਵੀ ਦੂੱਨਾ ਸਿੰਘ ਹੰਡੂਰ**

**ਦੋਹਰਾ**

ਜੋ ਜੋ ਬੀਤੀ ਕਹਤ ਹੋਂ, ਗੁਰ ਚਰਨਨ ਧਰਿ ਧਿਆਨ
ਮੈਂ ਬਾਲਕ ਲਘੁ ਮਤਿ ਸੁ ਮਮ, ਕਥਾ ਰਚੀ ਸੋ ਜਾਨ। 1।

**ਗੀਆ ਮਾਲਤੀ**

ਸ੍ਰੀ ਫਤਹਿ ਸਿੰਘ ਜ਼ੋਰਾਵਰ ਸਿੰਘ ਬਹੁਰ ਮਾਤਾ ਜੀ ਭਨੰ
ਦੂਨਾ ਸਿੰਘ ਤਖਾਣ ਸਿੰਘ ਹੰਡੂਰ ਬਾਸੀ ਤਾ ਗਨੰ
ਸਭ ਏਕ ਦਾਸੀ-ਪੰਜ ਥੇ, ਚਮਕੌਰ ਤੇ ਯਹ ਦ੍ਵੈ ਹਟੇ
ਦੂਨਾ ਸਿਘ ਜੋ ਏਕ ਦਾਸੀ, ਤਿਸੀ ਭਾਜੜ ਮੈਂ ਸਟੈ। 2।

**ਦੋਹਰਾ**

ਤਹਾਂ ਖੇਲ ਐਸੋ ਭਯੋ ਮੋ ਪੈ ਕਹਯੋ ਨ ਜਾਇ।
ਬਹੁਰੋ ਕਥਾ ਸੁ ਕਰਤ ਹੂੰ, ਸੰਤ ਸੁਨਹੁ ਮਨ ਲਾਇ। 3।

**ਚੌਪਈ**

ਇਕ ਸੱਕਾ ਹਿੰਦੂ ਤਹਿ ਆਹੀ।
ਤੁਰਕ ਜ਼ੋਰ ਤਿਹ ਜਨਮ ਵਟਾਹੀ।
ਕੁੰਮੇ ਤੇ ਕੀਮਾ ਤਿਹ ਕੀਨਾ।
ਤਿਸਹੀ ਕੈ ਗ੍ਰਿਹ ਬਾਸਾ ਲੀਨਾ। 4।
ਤਹਾਂ ਏਕ ਬ੍ਰਾਹਮਨੀ ਰਹੈ।
'ਲਛਮੀ' ਨਾਮ ਤਾਸ ਜਗ ਕਹੈ
ਵਹੁ ਪ੍ਰਸਾਦ ਕਰਿ ਹਮੈਂ ਜਿਵਾਵੈਂ।
ਤਿਸ ਕੈਂ ਗ੍ਰਿਹ ਮੈਂ ਆਪ ਲਯਾਵੈਂ। 5।

**ਦੋਹਰਾ**

ਦੁਇ ਮੋਹਰ ਕੀ ਆਰਸੀ, ਪੰਚ ਚੂੜੀਆਂ ਸਾਥ
ਤਿਸੀ ਬ੍ਰਾਹਮਨੀ ਕੋ ਦਈ, ਜੋ ਪ੍ਰਸਾਦ ਵਹ ਖ੍ਵਾਤ। 6।
ਰਪਯਾ ਪਾਂਚ ਸੈ ਤਿਸ ਦਯੋ, 'ਕੀਮਾ' ਨਾਮ ਜੁ ਆਹਿ
ਤਿਨਹੁ ਜੁ ਮਸਤਕ ਟੇਕ ਕੈ, ਲੀਨਾ ਤਬਹਿ ਉਠਾਹਿਂ। 7।



Scanned by CamScanner

**ਚੌਪਈ**

ਅਬੈ ਇਕ ਕਥਾ ਅਵਰ ਜਨਾਊਂ,
ਜੋ ਜੋ ਬੀਤੀ ਸਭੈ ਸੁਨਾਊਂ।।
ਦੋਇ ਮਸੰਦ ਸਹੇੜੀ ਰਹੈਂ,
ਇਕ ਦਰਬਾਰੀ, ਧੂਮਾ ਕਹੈਂ। 8।

**ਸੋਰਠਾ**

ਤਿਨੈ ਸੁਨੀ ਯਹ ਬਾਇ, ਤਹਾਂ ਖੇਡ ਐਸੋ ਭਯੋ।
ਆਯੋ ਤਿਤਹੀ ਧਾਇ, ਕਿਤਹੂੰ ਕੋਊ ਪਾਈਐ। 9।

ਏਕ ਲਾਲ ਜੋ ਮਿਲ ਹੈ ਆਈ।
ਤਉ ਹਮਰੀ ਸਬ ਬਿਧਿ ਬਨ ਜਾਈ।
ਮਗ ਮੈਂ ਸੱਕਾ ਮਿਲਯੋਂ ਸੁ ਜਾਂ ਕੋ।
ਤਿਸ ਪ੍ਰਤਿ ਪੂਛਯੋ ਨਾਮ ਸੁ ਤਾਂ ਕੋ। 10।

ਤਉ ਸੱਕੇ ਯਹ ਬਾਤ ਚਲਾਈ।
ਤੁਮ ਕਿਮ ਪੂਛਤ ਬਾਤ ਜਨਾਈ।
ਤਿਨਹਿ ਕਹਯੋ ਹਮ ਉਨ ਕੇ ਦਾਸਾ।
ਮਸੰਦ ਨਾਮ ਜਗ ਮਾਹੇ ਬਾਸਾ। 11

**ਪਹਰਾ**

ਢੂੰਡ ਭਾਲ ਜੋ ਕੀਨੇ ਸਭ ਹੀ ਏਕਠੇ।
ਪੁਰ ਅਨੰਦ ਗ੍ਰਿਹ ਮਾਹਿ ਬਸੈ ਤਹਿ ਨੇਕਠੇ।
ਤਬਹਿ ਮਾਸ਼ਕੀ ਕਹੈ, ਅਬੈ ਤੁਮ ਜਾਨਯੋ।
ਲੈ ਆਓ ਗ੍ਰਿਹ, ਮਾਹਿ ਦੇਖਿ ਬਿਗਸਾਨਯੋ। 12।
ਮਾਤਾ ਜੀ ਕੋ ਸੀਸ ਟੇਕ ਤਬ ਏਹੁ ਕਹੀ –
'ਚਲੋ ਹਮਾਰੀ ਮਾਤ! ਨੇਤ ਬਿਧਿ ਯਹ ਸਹੀ।
ਤਬੈ ਭਈ ਪ੍ਰਸੰਨ ਮਿਲਯੋ ਤਹਿੰ ਆਇਕੈ
ਪੂਛੀ ਸਗਲੀ ਬਾਤ, ਕਹੀ ਸਮਝਾਇਕੈ। 13।

ਸ੍ਰੀ ਮਾਤਾ ਜੀ ਅਰੁ ਫਤੇ ਸਿੰਘ ਏਕ ਘੋੜੇ ਪੈ ਚਢੇ।
ਜ਼ੋਰਾਵਰ ਸਿੰਘ ਜੂ ਪਾਇ ਖੁਰਜੀ, ਅਵਰ ਘੋੜੇ ਪੈ ਪਢੇ।
ਚਮਕੌਰ ਤੇ ਜਬ ਗਏ ਚੌਂਤੇ, ਦੁਸ਼ਟ ਕੇ ਮਨ ਯਹ ਭਈ।
'ਯਹ ਦੂਬ ਹਮਰੇ ਹਾਥ ਆਯੋ', ਮੋੜ ਤਬ ਘਰ ਕੋ ਲਈ। 14।

**ਸੋਰਠਾ**

ਦੁਸ਼ਟ ਚਿਤ ਭਰਮਾਇ, ਮਾਤਾ ਜੀ ਕੋ ਇਮ ਕਹੈ –
'ਤੁਰਕ ਜੋ ਉਤਰੇ ਆਇ, ਰੋਪੜ ਤੀਰ ਜੁ ਯਹ ਸੁਨੀ। 15।

ਹਮਰਾ ਚਾਰਾ ਨਾਹਿ, ਜੋ ਤੁਮਰੇ ਮਨ ਸੋ ਕਹਉਂ
ਆਗੇ ਧਰਹੁ ਨ ਪਾਇ, ਲੇ ਜਾਵਹਿਗੇ ਪਕਰਿ ਤੁਮ'। 16।



Scanned by CamScanner

'ਚਮਕੌਰਹਿ ਪਹੁੰਚਾਉ' - ਮਾਤਾ ਜੀ ਐਸੋ ਕਹਯੋ
ਡੇਰਾ ਆਵੇ ਤਾਂਹਿ, ਬਹੁਰਿ ਜਾਨ ਨਹਿ ਪਾਂਵਹੋਂ। 17।

**ਦੋਹਰਾ**

ਤਬ ਮਾਤਾ ਬਿਲਖੀ ਭਈ, ਜਿਉਂ ਜਾਨਉਂ ਤਿਉਂ ਕੀਨ
ਤਬ ਦੁਸ਼ਟਾਤਮ ਯਹ ਕਹੀ, 'ਮਮ ਗ੍ਰਿਹਿ ਚਲਉ ਪ੍ਰਬੀਨ।' 18।

**ਚੌਪਈ**

'ਜਬ ਹੀ ਤੁਰਕ ਅਪਨੇ ਗ੍ਰਿਹ ਜਾਵੈਂ,
ਤਬ ਹਮ ਤੁਮ ਕੋ ਘਰ ਪਹੁੰਚਾਵੈਂ।
ਇਮ ਕਹ ਕੈ ਤਬ ਘਰ ਲੈ ਆਯੋ,
ਭਈ ਰੈਣ ਪ੍ਰਸਾਦ ਕਰਾਯੋ। 19।

**ਦੋਹਰਾ**

ਲਹੇਰ ਕੀ ਰੋਟੀ ਕਰੀ, ਮਸਰੀ ਕੀ ਕਰੀ ਦਾਲ
ਥਾਲੀ ਮਾਂਹਿ ਸੁ ਪਾਇਕੈ, ਲੈ ਆਯੋ ਤਤਕਾਲ। 20।

**ਚੌਪਈ**

ਸੋ ਰੋਟੀ ਐਸੀ ਕਰ ਲਯਾਯੋ,
ਹਮਰੇ ਕਾਗ ਨ ਕੂਕਰ ਖਾਯੋ।
ਤਬ ਮਾਤਾ ਐਸੇ ਬਿਲਖਾਨੀ,
ਭੂਖੇ '**ਕੁਇਰ**' ਦੇਖ ਕੁਮਲਾਨੀ। 21।

**ਦੋਹਰਾ**

ਮਾਤਾ ਜੀ ਐਸੋ ਕਹਯੋ, ਮੁਹਰ ਏਕ ਲੈ ਜਾਹੁ।
ਜੋ ਪਕਵਾਨ ਤੁਮ ਦੇਖਹੋ, ਸੋ ਪ੍ਰਸਾਦ ਲੈ ਆਹੁ। 22।

**ਸੋਰਠਾ**

ਪਤਾਸੇ ਸੇਰ ਦੁਇ ਆਹ, ਲੈ ਆਯੋ ਮਸੰਦ ਤਬ।
ਕਛੁਕ ਛਕੇ ਤਿਸ ਮਾਂਹਿ, ਅਵਰ ਰਹੇ ਤਿਸ ਠੌਰ ਹੀ। 23।

**ਸੋਰਠਾ**

ਦੁਸ਼ਟ ਚਿਤ ਕੁਧਰਮ, ਟਹਿਲ ਨ ਕੀਨੀ ਪ੍ਰੇਮ ਸਿਉਂ
ਅਬੈ ਸੁਨਾਉਂ ਅਉਰ, ਜੋ ਜੋ ਆਗੇ ਕਰਤ ਹੈਂ। 24।

**ਚੌਪਈ**

ਭਈ ਰੈਨ ਖੁਰਜੀ ਤਿਨ ਲੀਨੀ,
ਜਾ ਕਰ ਚੋਏ ਮਹਿ ਗੱਡ ਦੀਨੀ।
ਮੁੜ ਆਯੋ ਤਬ ਅਪਨੇ ਦਵਾਰਾ,
ਭਈ ਭੋਰ ਤਬ ਫੇਰ ਸਿਧਾਰਾ। 25।

**ਦੋਹਰਾ**

ਦਬ ਆਏ ਸੂਕੀ ਨਦੀ, ਨੀਰ ਵਹਯੋ ਤਹਿਂ ਆਇ
ਜਿਸ ਕੀ ਵਸਤੁ ਸੁ ਤਿਨ ਲਈ, ਮਸੰਦ ਮੂਏ ਪਛਤਾਇ। 26।



Scanned by CamScanner

### ਸੋਰਠਾ

ਢੂੰਡ ਰਹੇ ਵਾਂ ਠੌਰ, ਖੁਰਜੀ ਕਹੂੰ ਨ ਪਾਈਆ
ਕਾਰਣ ਭਯੋ ਸੁ ਔਰ, ਤਿਸੀ ਥਾਂਇ ਗ਼ਾਯਬ ਭਈ। 27।

### ਸਵੈਯਾ ਅੰਤਰਗਤਾ ਮਦਰਾ

ਸੋਚ ਭਯੋ ਤਬ ਯੌਂ ਮਨ ਮੈਂ;
ਕਿਤ ਠੌਰ ਗਈ ਮਮ ਚਿਤ ਪਰੈ।
ਭੂਲ ਗਏ ਤਹਿ ਠੌਰ ਦਬੇ;
ਨਹਿੰ ਆਪਨ ਹੀ ਗ੍ਰਿਹ ਮਾਹਿ ਧਰੈਂ।
ਯੌਂ ਚਿਤ ਮੈਂ ਅਬ ਆਵਤ ਹੈ;
ਤਿਨ ਕੋ ਗ੍ਰਿਹ ਤੇ ਅਬ ਦੂਰ ਕਰੈਂ।
ਜੁ ਅਬ ਕਾਜ ਨਹੀਂ ਇਨ ਤੇ;
ਅਬ ਦੂਰ ਕਢੈਂ ਘਰ ਤੇ ਸੁ ਲਰੈਂ। 28।

### ਦੋਹਰਾ

ਤਬ ਗ੍ਰਿਹ ਮੈਂ ਐਸ ਕਹੈ; ਈਹਾਂ ਖੁਰਜੀ ਨਾਹਿ
ਕੋ ਜਾਨੈ ਕਿਨ ਗਹਿ ਲਈ; ਹਮ ਕੋ ਸੋਝੀ ਨਾਹਿ। 29।

ਤਬ ਮਾਤਾ ਜੀ ਯਹ ਕਹਯੋ; ਭਲੀ ਹੁਈ ਦੇਹੁ ਜਾਨ
ਜੌ ਹਮ ਬਚੇ ਤੌ ਕਿਆ ਕਮੀ; ਮਾਯਾ ਹਮ ਤੇ ਆਨ। 30।

ਤਬ ਮਸੰਦ ਐਸੇ ਕਹੈਂ; ਹਮ ਕੋ ਤੁਹਮਤ ਦੇਹਿੰ
ਹਮ ਘਰ ਤੇ ਤੂੰ ਜਾਹਿ ਅਬ; ਹਮ ਸੋਂ ਕੈਸਾ ਨੇਹੁ। 31।

### ਚੌਪਈ

ਤਬੈ ਦੁਸ਼ਟ ਗਹਿ ਬਾਂਹੈਂ ਲੀਨੀ।
ਪਕਰ ਕਰੇਂ ਗ੍ਰਿਹਿ ਬਾਹਰ ਕੀਨੀ।
ਮੰਦੇ ਬਚਨ ਕਹਿਨ ਤਬ ਲਾਗਯੋ।
ਦੇ ਧੱਕੇ ਬਾਹਰ ਤਬ ਕਾਢਯੋ। 32।
ਤਬ ਮਾਤਾ ਸਿਮਰਨ ਮਨ ਕਰੇ।
ਬਿਧਨਾ ਲੇਖ ਲਿਖਾ ਨਹਿੰ ਟਰੈ।
ਜਿਵ ਬਿਧਿ ਲਿਖੀ ਤਿਵੈਂ ਅਬ ਭਈ।
ਨਹੀਂ ਹੋਤ ਚਾਰਾ ਕਛੁ ਦਈ। 33।
ਮਾਤਾ ਜੀ ਰੋਵਹਿ ਬਿਲਲਾਵਹਿੰ।
ਨੇਤ੍ਰਹੁੰ ਤੇ ਜਲ ਭਰ ਭਰ ਲਯਾਵਹਿ
ਬਹੁਰ ਤਿਨੈ ਪ੍ਰਤਿ ਐਸੇ ਕਹੈ।
ਮਮ ਪੁਤ੍ਰਨ ਕੋ ਰਾਖਿਅਹੁ ਅਹੈ। 34।

### ਸੋਰਠਾ

ਜਬੈ ਬਾਤ ਕਹੀ ਮਾਇ, ਤਬੈ ਕਾਢ ਘਰ ਤੇ ਦਏ
ਲੀਨੇ ਤਖਤ ਅੜਾਇ, ਕੋਊ ਵੜਨ ਨ ਦੇਵਹੀ। 35।



Scanned by CamScanner

### ਦੋਹਰਾ

ਆਗੇ ਹਮ ਗੁਰਸਿਖ ਤੁਮ, ਮਸਤਕ ਏਕਹੁੰ ਆਇ
ਅਬ ਤੁਮ ਕੋ ਹਮ ਟੇਕਤੇ, ਕ੍ਰਿਪਾ ਕਰਹੁ ਸਹਾਇ। 36।

ਮਾਤਾ ਜੀ ਬਿਨਤੀ ਕਰੀ, ਕਿਨਹੂੰ ਨ ਮਾਨੀ ਬਾਤ
ਤਬ ਮਾਤਾ ਨਿਜ ਸੁਤਨ ਕਉ, ਕਹਤ ਭਈ ਬਿਖਯਾਤ। 37।

ਮਾਤਾ ਜੀ ਐਸੇ ਕਹੈ, ਸੁਨਹੁ ਪੁਤ੍ਰ ਸੁਭ ਗਯਾਨ
ਜਾਇ ਪੰਚਾਯਤ ਸਰਣਿ ਗਹੁ, ਦਯਾ ਜਿ ਕਿਨਹੂੰ ਆਨ। 38।

ਮਾਤਾ ਜੀ ਕਾ ਬਚਨ ਮੰਨ; ਗਹੀ ਸ਼ਰਣ ਤਿਨ ਜਾਇ
ਕਿਨਹੂੰ ਨ ਮਨ ਕ੍ਰਿਪਾ ਭਈ; ਤਿਸੈ ਉਖੇੜੀ ਮਾਹਿੰ। 39।

### ਚਉਪਈ

ਨਗਰਹੁੰ ਕਾਢਿ ਬਾਹਰ ਤਹਿੰ ਦਏ।
ਜਾ ਕੀਕਰ ਕੇ ਹੇਠ ਜੁ ਬਹੇ
ਮਹਲ ਮਾੜੀਆਂ ਛੋਡਿ ਸਿਧਾਏ।
ਪੂਰਬ ਕਰਮ ਹਮ ਆਗੈ ਆਏ। 40।

### ਦੋਹਰਾ

ਕੀਕਰ ਹੇਠ ਜੁ ਬੈਠ ਕੇ; ਰੁਦਨ ਕੀਯੋ ਮਨ ਆਇ
ਹੇ ਸਤਿਗੁਰ! ਅਬ ਕੋ ਨਹੀਂ, ਕ੍ਰਿਪਾ ਕਰਹੁ ਸਹਾਇ। 41।

### ਚਉਪਈ

ਇਕ ਤਖਾਣ ਸਿਖ ਤਹਿੰ ਆਯੋ।
ਤਿਨ ਮਾਤਾ ਸਿਉਂ ਬਚਨ ਸੁਨਾਯੋ
ਜੋ ਮੋ ਕੇ ਗ੍ਰਿਹ ਭੀਤਰ ਦੇਤਾ।
ਤੋ ਹੌਂ ਕਾਢਿ ਰਾਤ ਕੋ ਲੇਤਾ। 42।

### ਦੋਹਰਾ

ਅਬ ਸਾਰੇ ਪ੍ਰਗਟ ਭਈ, ਗੁਰ ਗੋਬਿੰਦ ਸੁਤ ਏਹੁ
ਤੁਮ ਕੋ ਰਾਖੋਂ ਕਵਨ ਬਿਧਿ, ਸੋਈ ਭਾਖਿ ਕਰੇਹੁ। 43।

ਤਿਨੈ ਸਿਖ ਜਬ ਯਹ ਕਹਯੋ, ਧੀਰਜ ਟੂਟ ਗਯੋ
ਆਗੈ ਕਛੁ ਕੁ ਆਸ ਥੀ, ਐਸੋ ਕਾਜ ਭਯੋ। 44।

### ਚਉਪਈ

ਤਬੈ ਦੁਸ਼ਟ ਮਨ ਐਸੇ ਆਈ।
ਜਾਇ ਮੁਰਿੰਡੇ ਕਹਯੋ ਸੁਨਾਈ
ਦੁਇ ਪਠਾਣ ਚੜ੍ਹਿ ਆਏ ਤਬਹੀ।
ਮਾਤਾ ਜੀ ਕਉ ਪੂਛਯੋ ਜਬਹੀ। 45।

Scanned by CamScanner

ਤੂੰ ਹੈਂ ਕਵਨ ਏਹ ਕਾਂਕੇ ਤਾਤਾ।
ਸਾਚ ਕਹੋ ਤੁਮ ਹਮ ਸੋਂ ਬਾਤਾ
ਮੈਂ ਜੁ ਧੀਵਰੀ ਸੁਤ ਯਹ ਮੇਰੇ।
ਕੂਰ ਕਹੌਂ ਯਹ ਸੁਤ ਨਹਿ ਤੇਰੇ। 46।

**ਸੋਰਠਾ**

ਧੀਵਰ ਸੁਤ ਯਹ ਨਾਹਿ; ਏ ਹੈਂ ਫੂਲ ਗੁਲਾਬ ਕੇ
ਹੀਰਾ ਰੂੜੀ ਮਾਹਿ, ਪਰਯੋ ਦਮਕ ਤੈਸੇ ਕਰੈਂ। 47।

**ਦੋਹਰਾ**

ਮੈਂ ਜੁ ਧੀਵਰੀ ਗੁਰੁ ਕੀ; ਪੋਤੇ ਮੇਰੇ ਆਹਿ
ਤਿਨਕੀ ਕ੍ਰਿਪਾ ਦ੍ਰਿਸ਼ਟੀ ਸਿਉਂ; ਸੁੰਦਰ ਭਏ ਸੁਥਾਂਇ। 48।

**ਚਉਪਈ**

ਤਬ ਮਸੰਦ ਐਸੇ ਫੁਨ ਕਹੈ।
ਗੋਬਿੰਦ ਸਿੰਘ ਏਹ ਮਾਤਾ ਅਹੈ
ਦੁਇ ਸੁਤ ਹੈਂ ਯੇ ਤਿਨ ਕੇ ਮਾਨਹੁ
ਚੋਰ ਢੋਰ ਤੁਮਰੇ ਯਹ ਜਾਨਹੁ। 49।

ਮਸੰਦ ਸਉਂਪਿ ਜਬ ਘਰ ਕੋ ਗਯੋ।
ਘੋੜੇ ਆਨ ਤਬੈ ਤਿਨ ਦਯੋ
ਬੋਰੀ ਲੈ ਮਸੰਦ ਅਬ ਆਯੋ।
ਪਕਰਿ ਕੁਇਰ ਤਿਸ ਬੀਚ ਸਮਾਯੋ। 50।

**ਗੀਆ ਮਾਲਤੀ**

ਫਿਰ ਫਤੇ ਸਿੰਘ ਜ਼ੋਰਾਵਰ ਸਿੰਘ ਤਹਿ ਪਾਇ ਬੋਰੀ ਮੈਂ ਲਏ।
ਉਪਰ ਸੁ ਘੋੜੇ ਲਾਦ ਕੈ; ਤਿਨ ਬਹੁਤ ਆਗੈ ਕਰ ਲਏ।
ਮਾਤਾ ਗੁਜਰੀ ਪਕੜਿ ਲੀਨੀ ਕਟਿ ਸੁ ਰਜੁ ਬਾਂਧੀ ਦਈ।
ਤੋਬਰ ਸੁ ਮਿਰਚਨ ਚਾੜ੍ਹ ਕੈ, ਮੁਹਿ ਬਾਂਧ ਘੋੜੇ ਪੈ ਲਈ।
ਜ਼ੋਰਾਵਰ ਸਿੰਘ ਫਤੇ ਸਿੰਘ, ਬਾਲਕੂ ਸੁ ਦ੍ਵੈ ਭਲੇ।
ਸੰਗ ਮਾਤਾ ਸੁ ਚਲੇ ਭ੍ਰਾਤੰ, ਤਯਾਗ ਘਰ ਕੋ ਉਠ ਚਲੇ।
ਸਹੇੜੀ ਸੋਂ ਤੁਰਕਨ ਆਇ ਪਕੜੇ, ਰੁਦਨ ਕਰਤੇ ਜਾਂਵਹੀ।
ਦੁਸ਼ਟ ਖ਼ਾਨ ਨ ਪਾਨ ਦੇਵਹਿੰ, ਕਸ਼ਟ ਦੇਹਿੰ ਦੁਖਾਂਵਹੀ। 51।

**ਸਵੈਯਾ**

ਜਾਇ ਸੀਰਿੰਦ ਵੜੇ ਜਬ ਹੀ, ਤਬ ਆਨ ਸੁ ਪੀਪਲ ਹੇਠ ਬਿਠਾਏ।
ਪੂਛ ਰਹੇ ਯਹ ਕੌਨ ਸੁ ਬਾਲਕ, ਤੋਹਿ ਜੁ ਗੋਦ ਮੇਂ ਕਾਹਿ ਛਿਪਾਏ।
ਦੇਖਨ ਦੇਹੁ ਇਨੈ ਹਮ ਕੋ, ਤਬਹੀ ਸੋ ਬਾਲ ਸੁ ਤਾਂਹਿ ਦਿਖਾਏ।
ਮਾਤਹਿ ਯਾਹਿ ਕਹੀ ਮੁਖ ਸੋਂ, 'ਹਮ ਧੀਵਰ ਹੈਂ ਤੁਹਿ ਆਖ ਸੁਨਾਏ।' 52।*

*(ਮਾਤਾ ਜੀ ਨੇ ਬੱਚਿਆਂ ਨੂੰ ਛਡਾਉਣ ਲਈ ਐਸਾ ਕਿਹਾ ਹੋਵੇ, ਠੀਕ ਨਹੀਂ ਜਾਪਦਾ। ਸੁਣੀ ਸੁਣਾਈ ਗੱਲ ਹੈ ਕਿਉਂਕਿ ਦੂਨਾ ਸਿੰਘ ਲਿਖਾਰੀ ਤਾਂ ਚਮਕੌਰ ਤੋਂ ਹੀ ਵੱਖ ਹੋ ਗਿਆ ਸੀ।)



Scanned by CamScanner

### ਸੋਰਠਾ

ਏ ਧੀਵਰ ਕੇ ਨਾਹਿ, ਏ ਰਜ-ਬੰਸੀ ਕੁਇਰ ਹੈਂ
ਸੁਇਨਾ ਪੀਤਲ ਨਾਹਿ, ਸੁਇਨੇ ਕੋ ਪੀਤਲ ਕਹੈਂ। 53।

ਤਿਨਕੋ ਤੁਰਕ ਡਰਾਹਿ, ਕੋਊ ਗੁਲੇਲੇ ਸਾਧਕੈ
ਰੁਦਨ ਕਰਹਿਂ ਬਿਲਲਾਂਹਿ, ਦੀਨ ਹੁਇ ਬਿਨਤੀ ਕਰੈਂ। 54।

ਤਬ ਮਾਤਾ ਨਿਜ ਸੁਤਨ ਕੋ, ਐਸੋ ਕਹਯੋ ਸੁਨਾਇ
ਸ਼ਹਿਰ ਜੁ ਹਿੰਦੂ ਬਸਤ ਹੈ, ਤੁਮ ਕੋ ਲੇਹੁ ਛੁਡਾਇ। 55।

### ਅੜਿਲ

ਆਜ ਦਿਵਸ ਹੋ ਯਾਹਿ, ਕਾਲ ਛੁਡਾਇ ਹੈਂ।
ਚਾਰ ਵਰਣ ਜੁ ਵਸਾਹਿ, ਤਰਸ ਮਨ ਆਇ ਹੈਂ।
ਜ਼ਾਮਨ ਹਮਰੇ ਹੋਇੰ ਯਹ ਦਰਬ ਚੁਕਾਇ ਹੈਂ।
ਹੋ ਤਬ ਅਨੰਦ ਮਨ ਹੋਇ, ਨਾਮ ਧਿਆਇ ਹੈਂ। 56।

### ਚਉਪਈ

ਸੁੱਚਾਨੰਦ ਤਬ ਦੇਖਨ ਆਯੋ।
ਤਬ ਮਾਤਾ ਜੀ ਮਨਿ ਸੁਖ ਪਾਯੋ।
ਹੇ ਪੁਤ੍ਰਹੁ! ਅਬ ਡਰ ਨਹੀਂ ਕੋਈ।
ਅਬਹਿ ਛੁਡਾਇ ਲੇਨ ਤੁਮ ਸੋਈ। 57।

ਜਿਸ ਕਾ ਟਿੱਕਾ ਹਮ ਗ੍ਰਿਹ ਆਯੋ,
ਸੁੱਚਾਨੰਦ ਸੋ ਦਯਿ ਪਠਾਯੋ।
ਮਾਤਾ ਜੀ ਸਿਰ ਨੀਚਾ ਕੀਨਾ,
ਝੂਠਾ ਨੰਦਹਿ ਯਹ ਕਹਿ ਦੀਨਾ। 58।

### ਦੋਹਰਾ

ਜਬ ਟਿਕਾ ਤੁਮ ਗ੍ਰਿਹ ਗਯੋ, ਤੁਮਹਿ ਸੋ ਮੋੜਿ ਦਯੋ
'ਧਾਨ ਮਲੇਛਹਿ ਖਾਤਹੋ' ਹਮ ਕੋ ਏਹੁ ਕਹਯੋ। 59।

### ਚੌਪਈ

ਤਬ ਤੁਮ ਟਿੱਕਾ ਦਿਓ ਹਟਾਈ।
ਅਬ ਮਲੇਛ ਗ੍ਰਿਹ ਕਿਉਂ ਤੂੰ ਆਈ?
ਝੂਠੇ ਕੋ ਮਨ ਖੁਨਸ ਜਬੀ ਕੀ,
ਤੁਰਕਨ ਪਾਸ ਪੁਕਾਰਿਓ ਤਬਹੀ। 60।

### ਚੌਪਈ

ਸਾਮੇ ਖੂਨ ਹਾਥ ਤੁਮ ਆਏ
ਵੇ ਛਲੀਏ ਛਲ ਗਏ ਸਿਧਾਏ।
ਉਨਕੇ ਬਦਲੇ ਅਬ ਤੁਮ ਲੀਜਹੁ,
ਇਨਕੇ ਸੀਸ ਜੁਦੇ ਤੁਮ ਕੀਜਹੁ। 61।



Scanned by CamScanner

ਨੀਕੇ ਬਾਲਕ ਤੁਮ ਮਤ ਜਾਨਹੁ,
ਨਾਗਹੁੰ ਕੇ ਇਹ ਪੂਤ ਬਖਾਨਉ ।
ਤੁਮਰੇ ਹਾਥ ਆਜ ਯਹ ਆਏ,
ਕਰਹੁ ਅਬੈ ਅਪਨੋ ਮਨ ਭਾਏ। 62।

**ਦੋਹਰਾ**

ਮਾਤਾ ਜੀ ਨਿਜ ਸੁਤਨ ਤੇ, ਤਬੈ ਜੁਦਾ ਕਰ ਦੀਨ।
ਜਾਇ ਬੁਰਜ ਭੀਤਰ ਦਈ, ਇਉਂ ਦੁਸ਼ਟਨ ਤਬ ਕੀਨ। 63।

**ਸਵੈਯਾ**

ਬਾਲ ਬੁਲਾਇ ਲਏ ਜਬਹੀ, ਤਬ ਆਨ ਅਦਾਲਤ ਬੀਚ ਪਠਾਏ।
ਦੇਖਤ ਹੈ ਸਭ ਹੀ ਜਗ ਆਇਸੁ, ਮਾਨਹੁ ਫੂਲ ਗੁਲਾਬ ਸੁਹਾਏ।
ਤਾਂਹਿ ਮਲੇਛ ਲਗੇ ਦੁਖ ਦੇਵਨ, ਚਾਹਤ ਹੈਂ ਖਲ, ਦੀਨ ਮਿਲਾਏ।
ਨਾਹਿ ਮੰਨੈ ਦੁਖ ਸੀਸ ਸਹੈਂ, ਦ੍ਰਿੜ੍ਹਤਾ ਹਰਿ ਆਪ ਦਈ ਤਿਨ ਆਏ। 64।

**ਪਹਰਾ**

ਖਮਚੀ ਸਾਥ ਜੁ ਲਗੇ ਤਬੇ ਦੁਖ ਦੇਵਨੰ
ਏਹ ਸੁ ਬਾਲਕ ਫੂਲ, ਧੂਪ ਨਹਿ ਖੇਵਨੰ
ਤਬ ਮਲੇਰੀਏ ਕਹਯੋ, ਜੜਾਂ ਤੁਮ ਜਾਂਹਿ ਹੀ
ਇਹ ਮਸੂਮ ਹੈਂ ਬਾਲ ਦੁਖਾਵਹੁ ਨਾਹਿ ਹੀ। 65।

**ਦੋਹਰਾ**

ਸ਼ੀਰਖੋਰ ਯਹਿ ਬਾਲ ਹੈਂ, ਇਨ ਕੋ ਮਾਰਹੁ ਨਾਹਿ
ਨੰਦ ਸੁ ਝੂਠੇ ਕੋ ਕਹਯੋ, ਜਾਤਿ ਤੁਮਾਰੀ ਆਹਿ। 66।

**ਸੋਰਠਾ**

ਕਢੀ ਪਠਾਣਹਿ ਹਾਹ, ਜੜਾਂ ਅਬੈ ਤੁਮ ਜਾਹਿੰਗੀ
ਤਰਸ ਪਇਓ ਨਹੀਂ ਆਇ, ਝੂਠੇ ਕੋ ਐਸੇ ਕਹਯੋ। 67।

**ਚੌਪਈ**

ਤਬ ਝੂਠੇ ਨੇ ਮਾਰ ਕਰਾਈ,
ਕਬਹੂ ਉਠਾਲੇ ਕਬਹੂ ਬਿਠਾਈ।
ਤਬਹਿ ਦੁਸ਼ਟ ਐਸੇ ਫੁਨ ਕਹੈ,
ਮਸਤਕ ਸਨਮੁਖ ਟੇਕਹੁ ਅਹੈ। 68।
ਨਹਿ ਜਬ ਮਸਤਕ ਸਨਮੁਖ ਟੇਕਹਿੰ,
ਸਾਂਸ ਉਲਟ ਮੁੜ ਪਾਛੇ ਪੇਖਹਿੰ।
ਬਹੁਰੋ ਕਹੀ ਦੁਸ਼ਟ ਯਹਿ ਬਾਨੀ,
'ਦੇਖੋ, ਬਾਲਕ ਯਹ ਅਭਿਮਾਨੀ।' 69।

**ਦੋਹਰਾ**

ਗੋ ਬਧ ਕਰਕੇ ਲੈ ਆਇ, ਕਹੈਂ ਸੁ ਚਸ਼ਮੁ ਲੇਹੁ।
ਤੀਨ ਚੁਲੀ ਤੁਮ ਪੀ ਲੇਵਹੁ, ਅਵਰ ਸੀਸ ਮਹਿੰ ਲੇਹੁ। 70।
ਸੋ ਨਹਿ ਮਾਨਹਿ ਬਾਤ, ਬਹੁਤ ਕਸ਼ਟ ਦੁਸ਼ਟਨ ਦੀਆ।
ਦੰਤ ਫੜੇ ਤ੍ਰਿਣ ਘਾਸ, ਦੀਨ ਹੋਇ ਰੁਦਨੈਂ ਕਰੈਂ। 71।



Scanned by CamScanner

**ਚੌਪਈ**

ਜ਼ੋਰਾਵਰ ਸਿੰਘ ਐਸੇ ਭਨੈ,
'ਕਿਉਂ ਭਾਈ! ਅਬ ਕਿਉਂ ਕਰ ਬਨੈਂ।
ਫਤੇ ਸਿੰਘ ਤਬ ਕਹਯੋ ਬਖਾਨ,
'ਦਸ ਪਾਤਸ਼ਾਹੀ ਹੋਵਹਿ ਹਾਨ।' 72।

**ਦੋਹਰਾ**

ਸੀਸ ਜੁ ਦੇਨੇ ਹੈਂ ਸਹੀ, ਏਹ ਨ ਮਾਨੈਂ ਬਾਤ।
ਧਰਮ ਜਾਇ ਤਬ ਕਉਨ ਗਤਿ, ਯਹ ਪ੍ਰਗਟ ਬਖਯਾਤ। 73।

**ਸਵੈਯਾ**

ਸੋ ਅਪਨੇ ਮੁਖ ਰਾਮ ਉਚਾਰਤ, ਦੁਸ਼ਟ ਕਹੈਂ 'ਕਲਮਾ ਜਪ ਮਾਨੀ'।
ਸੋ ਨ ਮੰਨੇ ਤਿਸ ਸੀਸ ਦਯੋ, ਜਿਮ ਤੇਗ ਬਹਾਦਰ ਬਾਤ ਚਲਾਨੀ।
ਮਾਤ ਚਲੀ ਕਰ ਜੌਹਰ ਆਪਹਿੰ, ਹਾਇ ਸੁ ਹਾਇ! ਕਹੈ ਜਗ ਬਾਨੀ।
ਲੋਕ ਇਸ ਹਾਹਾਕਾਰ ਪਯੋ, ਸੁਰ ਲੋਕ ਬਿਖੈ ਜਸ ਕੀ ਸੁ ਕਹਾਨੀ। 74।

**ਸੋਰਠਾ**

ਭਯੋ ਦੂਧ ਵਹ ਠੌਰ, ਜਾ ਕੋ ਚੁਸ਼ਮਾ ਕਹਤ ਹੈਂ
ਦੇਖੇ ਦੁਸ਼ਟ ਜੋ ਅਉਰ, ਏਹ ਸੁ ਅਚਰਜ ਹੋਤ ਹੈ। 75।

**ਚੌਪਈ**

+

**ਦੋਹਰਾ**

ਬਹੁਰੋ ਫੇਰ ਪਠਾਣ ਨੇ, 'ਲਾਨ੍ਹਤ' ਕਹਯੋ ਸੁਨਾਇ
'ਜੜਾਂ ਤੁਮਾਰੀ ਜਾਤ ਹੈਂ' ਊਚੇ ਕੂਕਯੋ ਆਇ। 77।

**ਚੌਪਈ**

ਗਯਾਨੰਦ ਇਕ ਅਉਰ ਪਠਾਯੋ।
ਲੈ ਕਟਾਰ ਬਗਲ ਮੈਂ ਆਏ।
ਤਿਸ ਕੋ ਦੇਖਿ ਬਹੁਤ ਡਰ ਪਾਯੋ।
ਜਨੁ ਪ੍ਰਤਖ ਕਾਲ ਨਿਜ ਧਾਯੋ। 78।

ਕੌਨ ਤੁਮੈ ਹੋ ਕਿਸਕੇ ਤਾਤਾ।
ਸਾਫ ਕਹੋ ਤੁਮ ਹਮ ਪ੍ਰਤਿ ਬਾਤਾ।
ਤਬੈ ਤਿਨਹੁ ਐਸੇ ਯਹ ਕਹੀ।
ਹਮੈ ਫਕੀਰ ਸਾਚ ਯਹ ਅਹੀ। 79।

**ਚੌਪਈ**

ਅਬ ਤੁਮ ਮਨ ਮੈਂ ਡਰੋ ਨ ਕੋਈ।



Scanned by CamScanner

ਪਾਛੈ ਜੁ ਕਛੁ ਹੂਆ ਸੁ ਹੋਈ।
ਸੁੱਚਾ ਨੰਦ ਮੁਹਿ ਐਸੋ ਕਹੈ।
ਮੇਰੇ ਗ੍ਰਿਹਿ ਲੈ ਜਾਵਹੁ ਅਹੈ। 80।
ਯਹ ਸੁਨ ਕੇ ਰਾਜ਼ੀ ਤਬ ਭਏ।
ਮਨ ਕੇ ਸ਼ੋਕ ਦੂਰ ਹ੍ਵੈ ਗਏ
ਕਹੇ ਅਬੇ ਅਪਨਾ ਤੁਮ ਨਾਮਾ।
ਕਾਂਕੇ ਸੁਤ ਮੁਹਿ ਕਰੋ ਬਖਾਨਾ। 81।

**ਦੋਹਰਾ**

ਗੋਬਿੰਦ ਸਿੰਘ ਕੇ ਪੂਤ ਹਮ, ਦਾਦੀ ਗੁਜਰੀ ਪਾਹਿ।
ਫ਼ਤਹਿ ਸਿੰਘ ਜ਼ੋਰਾਵਰ ਸਿੰਘ, ਨਾਮ ਹਮਾਰੇ ਆਹਿ। 82।

ਤਿਨੈ ਕਹਯੋ ਅਬ ਡਰਉ ਜਿਨ, ਕਿਸੈ ਨ ਮਾਰਨ ਦੇਉਂ
ਮੁਖ ਤ੍ਰਿਣ ਮਸਤਕ ਟੇਕਯੋ, ਸੀਸ ਉਤਾਰਹਿ ਲੇਹੁ। 83।

ਜਬ ਕਟਾਰ ਸੇਂ ਸੀਸ ਉਤਾਰੇ। ਚਲਯੋ ਦੂਧ ਤਬ ਦੁਸ਼ਟ ਪੁਕਾਰੇ।
ਝੂਠਾ ਨੰਦ ਤਬੈ ਆ ਠਾਂਢਉ। ਇਨ ਕੀ ਤਲਿ ਮਮਯਾਈ ਕਾਢਹੁ। 84।

**ਸੋਰਠਾ**

ਦੋਇ ਪਠਾਣ ਲਇਓਹੁ, ਗਯਾਨੰਦ ਕੁਪੂਤ ਨੇ
ਮੁਏ ਤੇਲ ਲਗ ਆਗ, ਨਿਕਟ ਕੜਾਹੇ ਜਲ ਗਏ। 85।

ਏਹ ਨ ਤਲਨੇ ਪਾਇ, ਗਏ ਦੁਸ਼ਟ ਸੋ ਜਲ ਮੂਏ।
ਸੀਸ ਚਿਣੇ ਤਹਿੰ ਆਇ, ਜਹਾਂ ਚਬੂਤਰੇ ਬੈਠਤੇ। 86।

**ਚੌਪਈ**

ਜੋ ਉਪਰਿ ਤਹ ਬੈਠੇ ਜਾਈ। ਆਂਧਾ ਹੋਇ ਬਹੁਤ ਦੁਖ ਪਾਈ
ਤਬ ਮਲੇਰੀਏ ਐਸੇ ਕਹਯੋ। ਛੋਰ ਹੱਠ ਨੀਚ ਦੈ ਬਹਯੋ। 87।

ਜਬ ਦੁਸ਼ਟੀ ਐਸੇ ਦੁਖ ਪਾਏ। ਬਹੁਰ ਫੇਰ ਸੀਸ ਕਢਵਾਏ
ਰਜ ਕੋ ਪਾਇ ਪੀਪਲਹ ਬਾਂਧੇ। ਦੁਸ਼ਟ ਗੁਲੇਲੇ ਤੀਰ ਸੁ ਸਾਂਧੇ। 88।

ਪੜ੍ਹਿਆ ਤੋਤਾ ਪੀਪਲ ਰਹੈ। ਗਈ ਤੁਰਕ ਜੜ ਐਸੇ ਕਹੈ
ਤੋਤੇ ਕੇ ਗੁਲੇਲੋ ਮਾਰੈਂ ਗਈ 'ਦੁਸ਼ਟ ਜੜ' ਯਹੀ ਪੁਕਾਰੇ। 89।

**ਸੋਰਠਾ**

ਸਿਖ ਟੋਡਰ ਮੱਲ ਤੇਹ, ਮਾਤਾ ਕੋ ਐਸੇ ਕਹਯੋ-
ਕਾਰਣ ਭਯੋ ਸੁ ਏਹੁ, ਸੀਸ ਉਤਾਰੇ ਤੁਮ ਸੁਤਨ। 90।

**ਦੋਹਰਾ**

ਤਬ ਮਾਤਾ ਬਿਲਖੀ ਭਈ, ਐਸੀ ਸੁਨੀ ਜੁ ਬਾਤ



Scanned by CamScanner

ਦੇਖੇ ਸੀਸ ਜੁ ਲਟਕਤੇ, ਹਿਕ ਮਰੋਰੀ ਖਾਤ। 91।

**ਚੌਪਈ**

ਹੇ ਪੁਤ੍ਰ! ਐਸੀ ਤੁਮ ਕਰੀ। ਹੈਂ ਜੀਵਤ ਤੁਮ ਸੀਸ ਉਤਰੀ
ਐਸੋ ਭਾਖਿ ਮੂਰਛਾ ਪਾਈ। ਘਰੀ ਚਾਰ ਸੁਧ ਫਿਰ ਨਹਿੰ ਆਈ। 92।

**ਸਲੋਕ**

ਸੰਗਿ ਸਖਾ ਸਭਿ ਤਜਿ ਗਏ, ਕੋਊ ਨ ਨਿਬਹਿਓ ਸਾਥਿ
ਕਹੁ ਨਾਨਕ ਇਹ ਬਿਪਤਿ ਮੈ, ਟੇਕ ਏਕ ਰਘੁਨਾਥ। 93।

**ਦੋਹਰਾ**

ਤਬੈ ਪ੍ਰਸ਼ਟਕਾ ਪੁਤ੍ਰ ਕੀ, ਆਇ ਗਈ ਤਿਹ ਪਾਹਿ
ਮਾਤਾ ਜੀ ਕੋ ਯਹ ਕਹਯੋ, ਕਿਉਂ ਰੋਵਹਿੰ ਬਿਲਲਾਹਿੰ। 94।

**ਚੌਪਈ**

ਟੋਡਰਮੱਲ ਐਸੇ ਫੁਨ ਕਹੈ। ਤੁਰਕ ਨ ਤੁਮਕੋ ਛੈਡੈ ਅਹੈ
ਮਾਤਾ ਜੀ ਤਬ ਯਹੈ ਪੁਕਾਰੀ। ਕੂਪ ਮਾਂਝ ਮੁਝ ਦੇਵਹੁ ਡਾਰੀ। 95।

**ਪਹਰਾ**

ਟੋਡਰ ਮੱਲ ਯੌਂ ਕਹਯੋ, ਬਾਤ ਸੁਨਿ ਲੀਜੀਐ
ਹੀਰਾ ਤੁਮ ਕੋ ਦੇਉਂ, ਇਹੈ ਨਿਗਲੀਜੀਐ
ਲਯੋ ਸੁ ਜੌਹਰ ਖਾਇ, ਪਯਾਨੋ ਤਬਿ ਭਯੋ
ਜੋਤੀ ਜੋਤਿ ਸਮਾਇ, ਆਪ ਮੈਂ ਮਿਲ ਗਯੋ। 96।

**ਸੋਰਠਾ**

ਗਏ ਪਠਾਣਹਿ ਪਾਸ, ਟੋਡਰ ਨਾਗਰ ਮੱਲ ਜਬ
ਕਹਯੋ ਸੁ ਝੂਠੇ ਪਾਸ, ਲੋਥਾਂ ਅਬ ਸਿਸਕਾਰੀਏ। 97।

**ਦੋਹਰਾ**

ਤੀਨੋ ਮਿਲ ਕਰ ਗਏ, ਤਬ ਝੂਠੇ ਨੰਦ ਸੁ ਪਾਹਿ
ਤਬੈ ਪਠਾਣਹਿ ਯਹ ਕਹਯੋ, ਲੋਥ ਸੁ ਇਨਹਿ ਦਿਵਾਇ। 98।

**ਸੋਰਠਾ**

ਅਬ ਮਿੱਟੀ ਕਿਹ ਕਾਹਿ, ਤੁਮਹਿ ਬਹੁਤ ਜਬਰ ਕੀਆ।
ਸਾਹਿਬ ਕੀ ਦਰਗਾਹਿ, ਕਿਆ ਮੁਖ ਲੇ ਕਰ ਜਾਂਹਿਗੇ। 99।

ਤਬ ਸ਼ਰਮਿੰਦੇ ਹੋਹਿ, ਕਹਯੋ 'ਲਿਜਾਵਹੁ ਲੋਥ ਹੀ'
ਲੈ ਆਈ ਤਿਸ ਠੌਰ, ਚੰਦਨ ਚਿਖਾ ਸਵਾਰੀਓ। 100।

**ਸਵੈਯਾ**

ਸਭ ਲੋਕਨ ਮੈਂ ਹਾਹਾਕਾਰ ਭਏ, ਤਬ ਫੂਲ ਸੁ ਚੰਦਨ ਆਨ ਕੇ ਡਾਰੇ।
ਉਤ ਕੀਰਤਨ ਕੀ ਧੁਨਿ ਹੋਇ ਰਹੀ, ਤਿਨ ਨੈਨ ਵਹੈ ਜਨੁ ਨੀਰ ਪਰਨਾਰੇ।



Scanned by CamScanner

ਧਰਮ ਕਲਾ ਸ਼ਿਸ਼ੁ ਸੁਧ ਸਰੂਪਨ ਦੇਹ ਸੁ ਚੰਦਨ ਆਨ ਕੇ ਛਾਰੇ।
ਸਭ ਦੇਵ ਸੁ ਫੂਲ ਬਿਬਾਨ ਲੀਏ, ਸੁ ਚੜ੍ਹਾਇ ਚਲੇ ਕਰਤੇ ਜੈਕਾਰੇ। 101।

**ਸੋਰਠਾ**

ਜੋਤੀ ਜੋਤਿ ਸਮਾਇ, ਗਏ ਸੁ ਸੁਧ ਸ੍ਵਰੂਪ ਮੈਂ।
ਪੁਹਪ ਦੇਵ ਬਰਖਾਇ, ਜੈ ਜੈ ਸ਼ਬਦ ਕਰਤੇ ਭਏ। 102।

ਤੁਰਕਨ ਕੀ ਜੜ ਕਾਟਿ, ਗਏ ਸੁ ਸਾਚੇ ਖੰਡ ਮੈਂ।
ਜਸ ਕੇ ਭਰੇ ਸੁ ਮਾਟ, ਧਰਮ ਰਾਖਿ ਧਰ ਤੇ ਗਏ। 103।

**ਦੋਹਰਾ**

ਧਰਮ ਕਲਾ ਕੀ ਟੇਕ ਜਿਮ, ਤੇਗ ਬਹਾਦਰ ਕੀਨ।
ਸੀਸ ਦਯੋ ਸਿਰੁ ਨ ਦਯੋ, ਤ੍ਰਈ ਲੋਕ ਜਸ ਲੀਨ। 104।

ਗੁਰੂ ਤੇਗ ਬਹਾਦਰ ਕੇ ਪੋਤ੍ਰੇ, ਗੋਬਿੰਦ ਸਿੰਘ ਕੇ ਪੂਤ।
ਧਰਮ ਰਾਖਿ ਸੀਸਨ ਦਯੋ, ਪ੍ਰਬਲ ਪੰਥ ਭਯੋ ਸੂਤ। 105।

**ਕਬਿਤ**

ਗੁਰੂ ਜਿਮ ਅਰਜਨ ਕਰੀ ਹੈ ਲਾਹੌਰ ਬਿਖੈ,
ਸੀਸ ਨਿਜ ਦਯੋ ਤਹਾਂ ਤੁਰਕ ਨਿਹਲਤੇ।
ਤਾਂਹੀ ਕੋ ਨਾਤੀ ਸ੍ਰੀ ਗੁਰੂ ਤੇਗ ਬਹਾਦਰ ਜੋ,
ਧਰਮ ਕੋ ਰਾਖਿ ਸੀਸ ਦਯੋ ਦਿਲੀ ਚਲਤੇ।
ਤੇਗ ਹੂੰ ਬਹਾਦਰ ਕੇ ਨਾਤੀ ਬਾਤੇਂ ਐਸੀ ਕਰ,
ਸੀਰੰਦ ਸੀਸ ਦੇ ਕੈ ਬੀਰ ਭਏ ਹੈਂ ਅਚਲਤੇ।
ਤਾਂ ਦਿਨ ਕੀ ਪੰਥ ਕਲਾ ਦਿਨ ਦਿਨ ਸਵਾਈ ਹੋਤ,
ਤੁਰਕ ਮਲੇਛ ਜਾਤ ਦਿਨ ਦਿਨ ਗਲਤੇ। 106।

**ਦੋਹਰਾ**

ਜੁਝਾਰ ਸਿੰਘ ਅਜੀਤ ਸਿੰਘ, ਜੁਧ ਕਰਿ ਜੂਝੇ ਚਮਕੌਰ।
ਸੀਰੰਦ ਬਿਖੇ ਜ਼ੋਰਾਵਰ ਸਿੰਘ, ਫਤਹਿ ਸਿੰਘ ਕੀ ਠੌਰ। 107।

ਗੁਰੂ ਗੋਬਿੰਦ ਸਿੰਘ ਜੀ ਸੁਨਯੋਂ, ਚਿਣੇਂ ਸੀਸ ਕੀ ਬਾਤ।
ਗੁਜਰੀ ਉਜਰੀ ਤਬ ਕਹਯੋ, ਫੁਨ ਕਹਯੋਂ ਧੰਨ ਧੰਨ ਮਾਤ। 108।

ਤਬ ਸਿਖਨ ਸੋਂ ਪੂਛਤ ਭਏ, ਕਹੋ ਤਰਸ ਕਾਹੂੰ ਕੀਨ।
ਬ੍ਰਾਹਮਣ ਛਤ੍ਰੀ ਲੋਕ ਨਰ, ਹਾਹਾਕਾਰ ਨਹਿ ਕੀਨ। 109।

**ਸੋਰਠਾ**

ਤਬ ਸਿਖਨ ਗੁਰ ਸੰਗ, ਬਾਤ ਸੁ ਐਸੇ ਕਹਿ ਦਈ-
ਸਬਹੀ ਲੋਕ ਉਪੰਗ, ਹਾਹਾਕਾਰ ਨ ਕਿਸ ਕੀਯੋ। 110।



Scanned by CamScanner

### ਸਵੈਯਾ

ਏਕ ਪਠਾਣ ਮਲੇਰੀਏ ਕੋਟ ਹੀ ਕੋ ਤਿਨ ਕੀਨੋ ਬਹੁ ਹਾਹਾਕਾਰਾ।
'ਏ ਸ਼ੀਰਖੋਰ ਨਹਿੰ ਮਾਰੋ ਰੇ' ਵਹ ਪਠਾਣ ਤਬੈ ਬਹੁ ਭਾਂਤ ਪੁਕਾਰਾ।
ਸੁਚਾਨੰਦ ਅਨੀਤ ਕਰੀ ਸ਼ਿਸੁ ਸੋਂ, ਬੋਲੇ ਸੁਰ ਝੂਠਾਨੰਦ ਅਹੰਕਾਰਾ।
ਮਲੇਰੀਏ ਕੀ ਜੜ ਰਹੀ ਮਲੇਛੋਂ ਕੀ ਗਈ, ਡਾਰ ਦਈ ਜਿਹ ਸਿੰਧੁ ਹੈ ਖਾਰਾ। 111।

### ਦੋਹਰਾ

ਗੁਰੂ ਗੋਬਿੰਦ ਸਿੰਘ ਬੋਲ ਕੈ, ਐਸੋ ਕਹਯੋ ਸੁਨਾਇ।
ਜੇ ਕੋ ਸਿਖ ਮੇਰਾ ਹੋਇ, ਸੀਰੰਦ ਕੀ, ਈਂਟ ਨਦੀ ਮਹਿ ਪਾਇ। 112।
ਈਂਟ ਨਦੀ ਸੀਰੰਦ ਕੀ, ਜੋ ਨਰ ਦੇਵਹਿ ਡਾਰ।
ਤਿਸ ਸਿਖ ਪੁੰਨ ਬਹੁਤਾ ਲਹਿਯੋ, ਅਸੁ ਗਜ ਗਊ ਅਪਾਰ। 113।

ਤਿਸ ਠਾਂ ਕੇ ਤੁਰਕ ਪਠਾਣ ਗਹਿ, ਮਾਰੋਂ ਸਿਖ ਜੁ ਕੋਇ।
ਸੋ ਮੋ ਪੁਰਿ ਬਾਸਾ ਲਹੈਂ, ਤਿਸ ਸਿਖ ਅਟਕ ਨ ਹੋਇ। 114।

ਤੁਰਕ ਮਲੇਛਨ ਮਾਰਿ ਮਾਰਿ, ਡਾਰਹੁ ਕੂਕਰ ਮਾਸ।
ਸਤਿਗੁਰ ਬਚਨ ਬਿਸਾਲ ਕਹਿ, ਸਭ ਮਲੇਛ ਕੋ ਨਾਸ਼। 115।

### ਸਵੈਯਾ

ਜਬ ਬਾਤ ਸੁਨੀ ਗੁਰ ਪੂਤਨ ਕੀ, ਸਭ ਸਿਖ ਕਰਨ ਅਤਿ ਸੋਗਹਿ ਲਾਗੇ।
ਰੋਇ ਕਰੈਂ ਬਿਲਲਾਟ ਬਡੋ, ਅਨੰਦ ਗਏ ਮਨ ਸੋਗਹਿ ਪਾਗੇ।
ਸ੍ਰੀ ਗੁਰ ਕਹਯੋ ਕਰ ਕਾਰ ਕਢੋ, ਤਬੈ ਪਰ ਲਕੀਰ ਨ ਕਾਢੋ ਆਗੇ।
ਬਹੁ ਲਕੀਰ ਕਢੀ ਗੁਰ ਜੀ ਕਹਯੋ, ਤਬ ਮੇਟ ਦਈ ਸਿਖਨ ਅਨੁਰਾਗੇ। 116।

### ਚੌਪਈ

ਸਾਹਿਬ ਹੁਕਮ ਮੁਖ ਸੇਂ ਕਹਯੋ, ਸੁਨਹੁ ਸਿਖ ਮਨ ਲਾਇ
ਹਰਖ ਸੋਗ ਕਛੁ ਉਪਜ ਮਨ, ਕਾਰ ਮੇਟੀ ਖਟੀ ਬਨਾਇ। 117।

ਤਬ ਸਿਖਨ ਕਰ ਜ਼ੋਰ ਕੈ, ਐਸੋ ਕਹੀ ਸੁਨਾਇ
ਖਾਟੀ ਮੇਟ ਲਕੀਰ ਕਾ, ਹਰਖ ਨ ਸੋਗ ਸੁਭਾਇ। 118।

ਜਿਉਂ ਤੁਮ ਖਟ ਮੇਟ ਲਕੀਰ ਕਾ, ਹਰਖ ਨ ਕਰਤੇ ਹੋਗੁ
ਤਿਉਂ ਮਾਯਾ ਪਦਾਰਥ ਆਇ ਜਾਇ, ਭੂਲ ਗੁਰੂ ਨਹਿੰ ਸੋਗ। 119।

### ਦੋਹਰਾ

ਤਬ ਸਿਖਨ ਗੁਰਬਚਨ ਸੋਂ ਦੀਨੇ ਸੋਗ ਨਿਵਾਰ
ਸੋਗ ਸਿਖਨ ਕੇ ਸਤਿਗੁਰੂ, ਤੁਰਕਨ ਕੇ ਗ੍ਰਹਿ ਡਾਰ। 120।

ਗੁਰ, ਅਸੋਗ, ਸੋਗੀ ਨ ਸਿਖ, ਸੋਗ ਮਲੇਛਨ ਲੀਨ
ਜਸ ਰਾਖਿ ਗੁਰ ਧਰਮ ਕੀ, ਧੁਜਾ ਬਾਂਧ ਧਰਿ ਦੀਨ। 121।



Scanned by CamScanner

ਸਤਿਗੁਰ ਕੇ ਸਦ ਗ੍ਰਿਹ ਬਿਖੈ, ਝੰਡੇ ਝੂਲਤ ਨਿਸ਼ਾਨ
ਗਾਵਤ ਗਰਜਤ ਪ੍ਰੇਮ ਸੋਂ, ਸ੍ਰੀ ਗੁਰ ਸਬਦ ਨਿਧਾਨ। 122।

ਇਤਿ ਸ੍ਰੀ ਜੋਰਾਵਰ ਸਿੰਘ ਜੀ ਅਤੇ ਫਤਿਹ ਸਿੰਘ ਜੀ ਧਰਮ ਰਾਖਿ ਸੀਸ ਸਮਰਪਤੇ ਸਾਖੀ ਸੰਪੂਰਨੰ॥

Scanned by CamScanner